# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)।
3) ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਪੰਜਾਬ

ਮੀਮੋ ਨੰ.: ਐਸ.ਐਸ.ਏ/ਐਮਸੀ/ 2013/ 6195-97
ਮਿਤੀ, ਚੰਡੀਗੜ੍ਹ 28 ਮਾਰਚ, 2013

ਵਿਸ਼ਾ:- **ਸੈਸ਼ਨ 2013-14 ਲਈ ਛੇਵੀਂ ਤੋਂ ਦਸਵੀਂ ਜਮਾਤਾਂ ਲਈ ਸਿਲੇਬਸ ਵੰਡ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਮਿਤੀ 01.04.2013 ਤੋਂ, ਵਿੱਦਿਅਕ ਸੈਸ਼ਨ 2013-14 ਆਰੰਭ ਹੋ ਰਿਹਾ ਹੈ। ਇਸ ਲਈ ਛੇਵੀਂ ਤੋਂ ਅਠਵੀਂ ਜਮਾਤਾਂ ਲਈ ਪ੍ਰਮੁੱਖ ਛੇ ਵਿਸ਼ਿਆਂ ਅੰਗ੍ਰੇਜ਼ੀ, ਗਣਿਤ, ਵਿਗਿਆਨ, ਸਮਾਜਿਕ ਵਿਗਿਆਨ, ਪੰਜਾਬੀ ਅਤੇ ਹਿੰਦੀ ਲਈ ਵਿਦਿਆਰਥੀ ਲਈ ਚੱਲ ਰਹੇ ਮੌਜੂਦਾ ਮੁਲਾਂਕਣ ਸੀ.ਸੀ.ਈ. ਦੇ ਮਾਡਲ ਮੁਤਾਬਿਕ FA-I (ਅਪ੍ਰੈਲ-ਮਈ), FA-II (ਜੁਲਾਈ-ਅਗਸਤ), SA-I (ਸਤੰਬਰ), FA-III (ਅਕਤੂਬਰ-ਨਵੰਬਰ), FA-IV (ਦਸੰਬਰ, ਜਨਵਰੀ) ਅਤੇ SA-II (ਮਾਰਚ-2014) ਲਈ ਸਿਲੇਬਸ ਵੰਡ ਤਿਆਰ ਕੀਤੀ ਗਈ ਹੈ।

3.0 ਇਸੇ ਤਰ੍ਹਾਂ ਨੌਵੀਂ ਅਤੇ ਦਸਵੀਂ ਜਮਾਤਾਂ ਲਈ, ਮੌਜੂਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਸਲਾਨਾ ਪ੍ਰੀਖਿਆ ਸਿਸਟਮ ਅਧੀਨ ਪ੍ਰਮੁੱਖ ਛੇ ਵਿਸ਼ਿਆਂ ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਗਣਿਤ,ਵਿਗਿਆਨ ਅਤੇ ਸਮਾਜਿਕ ਵਿਗਿਆਨ ਲਈ ਸਿਲੇਬਸ ਵੰਡ ਤਿਆਰ ਕੀਤੀ ਗਈ ਹੈ।

4.0 ਵਿਦਿਆਰਥੀ ਵਰਗ ਅਤੇ ਅਧਿਆਪਕ ਵਰਗ ਦੀ ਜਾਣਕਾਰੀ ਲਈ ਇਸ ਨੂੰ ਸਰਵ ਸਿੱਖਿਆ ਅਭਿਆਨ ਦੀ ਵੈੱਬ-ਸਾਈਟ ਤੇ ਅਪਲੋਡ ਕੀਤਾ ਗਿਆ ਹੈ।

5.0 ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਦੀ ਹਾਰਡ ਕਾਪੀ ਡਾਊਨਲੋਡ ਕਰਕੇ ਸਕੂਲ ਦੇ ਸਬੰਧਤ ਵਿਸ਼ਾ ਅਧਿਆਪਕ ਅਤੇ ਜਮਾਤ ਇੰਚਾਰਜ ਨੂੰ ਲਿਖਤੀ ਰੂਪ ਵਿੱਚ ਨੋਟ ਕਰਵਾਉਣ।

6.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**